कृण्वन्तो विश्वमार्यम्
Year : 9
Issue : 35
April - June-2020
www. chintanresearchjournal.com
Impact Factor : 5.910

यतेमहि स्वराज्ये

ISSN : 2229-7227

International Refereed

# चिन्तन रिसर्च जर्नल

# Chintan Research Journal

(कला, साहित्य, मानविकी, समाज–विज्ञान, विधि, प्रबंधन, वाणिज्य एवं विज्ञान विषयों पर केंद्रित)

(Indexed & Listed at : Ulrich's Periodicals Directory ©, ProQuest . U.S.A.)
(Indexed & Listed at : Research Bib, Japan)
(Indexed & Listed at : Indian Journal Index (IJINDEX))
(UGC Approved List No. 41243)

संपादक
आचार्य (डॉ.) शीलक राम

यावत् जीवेत् सुखं जीवेत्

आचार्य अकादमी
भारत
ISO 9001:2008

# शोध–आलेखानुक्रम


- **SMEs: Policy Reforms undertaken and the efficacy of the Loan Capital Infusion Approach of the Reforms** 13-21
  Dr. Ashok Kumar, Kartik Agrawal
- "अनुसूचित जाति के परिवारों के आर्थिक विकास, सामाजिक परिवर्तन के प्रति दृष्टिकोण तथा समायोजन पर उच्च शिक्षा के प्रभाव का तुलनात्मक अध्ययन" 22-26
  डॉ. हरिकृष्ण
- नगरीकरण एवं कच्ची बस्ती की महिलाओं की समस्यायें 27-32
  Anjali Chahuan
- स्मृतियों के संदर्भ में स्त्री धन : एक अनुशीलन 33-37
  Dr. Sunita Devi
- **Art as a Discipline** 38-41
  Dr. Sangram Singh
- **The Cyclical Nature of Economy and Lessons learnt from Financial Crisis** 42-46
  Dr. Anuj Goel, Kushik Agarwal
- **Sustainable Development and Emerging issues in India's Mining Sector** 47-50
  Sunil Kumar
- काव्यशास्त्रिणां मतेऽभिधाशक्तेः स्वरूपविवेचनम् 51-57
  सञ्जयमण्डलः
- 'जिस लाहौर नइ देख्या ओ जम्याइ नइ' नाटक में मानवीय–संवेदना 58-60
  डॉ॰ दीपक कुमारी
- आचार्य महावीर प्रसाद द्विवेदी की हिन्दी पत्रकारिता पर सुधिजनों के विचार 61-65
  डॉ॰ अनुभा कुमारी
- भारत–जापान रणनीतिक सम्बन्धः मोदी काल में 66-72
  डॉ विनोद एफ. खोब्रागडे, आकांक्षा यादव
- साहित्यशास्त्रे काकोरभिव्यञ्जकत्वम् 73-78
  मौसुमीपालः
- **The Company of Women: A moral tale or an Accidental Tragedy?** 79-82
  Yogesh Singh Mohan
- **Ambivalent Power and Subjugation: A Study of *The Emperor Jones*** 83-86
  Dr. Vaibhav Dutt Sharma
- **Facilitating Language Learning in ELT Classroom: A Practitioner's View** 87-92
  Dr. Meena Sehrawat
- **Impact of Stress on Mental Health** 93-95
  Dr. Rajkishor Paswan
- **BOOK REVIEW** 96-97
  Dr. Preeti

- **A Study of Various Defect Tracking systems and Comparison of Top Defect Tracking Tools**
  Goldy, Dr. Pawan Kumar — 98-104
- **केदारनाथ सिंह के काव्य में सामाजिक विश्लेषण**
  डॉ० राजेश कुमार, रेखा रानी — 105-108
- **सरस्वती नदी के तटवर्ती क्षेत्रों के समाज का दार्शनिक विवेचन**
  प्रियंका — 109-115
- **An Effect of Dividend Policy on the value of Companies in India- An Empirical Study : To Study the Dividend Policy Determinants**
  Diksha Sharma, Dr. Rajiv Kumar Maheshwary — 116-121
- **डॉ. ब्रह्मानन्द शर्मा विरचित "जम्भेश्वर दर्शनम्" की समालोचना**
  डॉ. उषा बागड़ी — 122-126
- **महाभारत कथाकाव्य के हिन्दी रूपान्तर और पंडवानी**
  पूजा सिंह — 127-132
- **अंजु दुआ जैमिनी की कहानियों में धर्म का व्यवसायीकरण**
  गीता देवी — 133-135
- **भारत में राष्ट्रवाद का उदय एवं विकास : एक अध्ययन**
  ब्रजेश कुमार देव — 136-139
- **सुमित्रानंदन पंत के साहित्य में अभिव्यंजित जीवन-दर्शन**
  डॉ. अनुज कुमार पटेल — 140-142
- **Police System in India**
  Dr. Gopal Kaushik — 143-146
- **Maladies of Existence in *The Lowland* of Jhumpa Lahiri**
  Dr. Vandna Kaul — 147-150
- ਸੰਰਚਨਾਵਾਦ, ਫਰਡੀਨੰਡ ਡੀ. ਸੋਸਿਊਰ (ਸਾਸੂਰ) ਦਾ ਨਵੀਨ ਭਾਸ਼ਾ ਦਰਸ਼ਨ — 151-154
  ਡਾ. ਗੁਰਜਿੰਦਰ ਕੌਰ
- **वात्सल्य सम्राट - सूरदास**
  डॉ० रवि वर्मा — 155-157

International Refereed
Impact Factor : 5.910
(Peer Reviewed)
'चिन्तन' अन्तरराष्ट्रीय रिसर्च जर्नल (ISSN : 2229-7227)
वर्ष 9, अंक 35 (पृ.सं. 151–154)
विक्रमी सम्वत्: 2077 (अप्रैल-जून 2020)

# ਸੰਰਚਨਾਵ਼ਾਦ, ਫਰਡੀਨੰਡ ਡੀ. ਸੋਸਿਊਰ (ਸਾਸੂਰ) ਦਾ ਨਵੀਨ ਭਾਸ਼ਾ ਦਰਸ਼ਨ

ਡਾ. ਗੁਰਜਿੰਦਰ ਕੌਰ
ਸਹਾਇਕ ਪ੍ਰੋਫ਼ੈਸਰ
ਸ੍ਰੀ ਗੁਰੂ ਨਾਨਕ ਗਰਲਜ਼ ਕਾਲਜ
ਸੰਤਪੁਰਾ (ਜਮੁਨਾਨਗਰ)

ਸ਼ੋਧ ਆਲੇਖ ਸਾਰ :
ਸਾਸੂਰ ਨੇ ਭਾਸ਼ਾ ਵਿਗਿਆਨ ਦੀਆਂ ਪ੍ਰਚਲਿਤ ਪਰੰਪਰਾਵਾਂ ਨੂੰ ਨਵਾਂ-ਜਾਮਾ ਪਵਾਇਆ। ਉਸਨੇ ਚਿਹਨ-ਵਿਗਿਆਨ, ਸੰਬੰਧੀ ਨਵੇਂ ਸੰਕਲਪ, ਸਿਧਾਂਤ ਤੇ ਪ੍ਰਸੰਗ ਸਥਾਪਿਤ ਕਰਨ ਦਾ ਗੌਰਵਸ਼ਾਲੀ ਕਾਰਜ ਕੀਤਾ । ਸਾਸੂਰ ਦੇ ਇਸ ਉੱਧਮ ਸਦਕਾ ਹੀ ਭਾਸ਼ਾ-ਵਿਗਿਆਨ ਦੀ ਨਵੀਂ ਅਧਿਐਨ ਪ੍ਰਣਾਲੀ ਭਾਸ਼ਾ ਅਤੇ ਇਸਦੇ ਸਮਾਂਨਤਰ ਹੋਰ ਅਨੁਸ਼ਾਸਨਾਂ ਵਿਚ ਨਿਰੰਤਰ ਵਿਕਸਿਤ ਰਹੀ। ਇਸ ਅੰਤਰ-ਅਨੁਸ਼ਾਸਨੀ ਅਧਿਐਨ ਮਾਡਲ ਕਾਰਨ ਹੀ ਸੰਰਚਨਾਵਾਦ ਆਧੁਨਿਕ ਯੁੱਗ ਵਿਚ ਫੈਸ਼ਨ ਵਾਂਗ ਪ੍ਰਚਾਰਿਆ ਜਾਂਦਾ ਰਿਹਾ ।

ਮੁੱਖ ਸ਼ਬਦ : ਮਾਨਵ-ਵਿਗਿਆਨ, ਸਰੰਚਨਾਵਾਦ, ਰੀਤੀ-ਰਿਵਾਜ, ਮਾਰਕਸਵਾਦ ।

ਪ੍ਰਸਿੱਧ ਸਾਵਿਸ ਭਾਸ਼ਾ ਵਿਗਿਆਨੀ ਫਰਡੀਨੰਡ ਡੀ. ਸੋਸਿਊਰ (ਸਾਸੂਰ) ਆਧੁਨਿਕ ਭਾਸ਼ਾ ਵਿਗਿਆਨ ਦੀ ਸੰਰਚਨਾਵਾਦੀ ਅਧਿਐਨ ਪ੍ਰਣਾਲੀ ਦਾ ਬਾਨੀ ਹੈ। ਭਾਸ਼ਾ ਵਿਗਿਆਨਕ ਅਧਿਐਨ ਮਾਡਲ ਦੀ ਇਹ ਸੰਰਚਨਾਵਾਦੀ ਵਿਧੀ ਭਾਸ਼ਾ ਤੋਂ ਇਲਾਵਾ ਸਮਾਜ-ਵਿਗਿਆਨ, ਮਾਨਵ-ਵਿਗਿਆਨ, ਸਾਹਿਤ ਅਤੇ ਹੋਰ ਕਲਾਵਾਂ ਦਰਸ਼ਨ, ਮਨੋਵਿਗਿਆਨ ਆਦਿ ਵਿਚ ਵਿਸ਼ੇਸ਼ ਤਰ੍ਹਾਂ ਨਾਲ ਲਾਗੂ ਹੁੰਦੀ ਹੈ। ਸੰਰਚਨਾਵਾਦ ਦਾ ਕੇਂਦਰੀ ਸੰਕਲਪ Structure ਹੈ। ਜਿਸ ਉਤੇ ਇਸ ਪਹੁੰਚ ਵਿਧੀ ਵਿਚ ਨਵੇਂ ਢੰਗ ਅਤੇ ਵਖਰੇ ਸੰਦਰਭ ਵਿਚ ਵਿਆਖਿਆ ਕਰਕੇ ਸਿਧਾਂਤਕ ਚੌਖਟਾ ਸਿਰਜਆ ਗਿਆ ਹੈ। "Structure ਸ਼ਬਦ ਦਾ ਮੂਲ ਧਾਤੂ Latin 'Strure' ਹੈ ਜਿਸਦਾ ਅਰਥ ਹੈ 'to build' ਅੰਗਰੇਜੀ ਵਿਚ ਇਹ 'The way something is constructed ਜਾਂ the relations which hold among the elements of a given whole."[1]

ਸੰਰਚਨਾਵਾਦ ਦੇ ਬਾਨੀ ਚਿੰਤਕ ਸਾਸੂਰ ਨੇ Structure ਸ਼ਬਦ ਦੀ ਵਰਤੋਂ ਨਹੀਂ ਕੀਤੀ ਸਗੋਂ System ਨੂੰ ਹੀ ਨਵੇਂ ਸੰਕਲਪਗਤ ਅਰਥਾਂ ਵਿਚ ਪੇਸ਼ ਕੀਤਾ । ਸਾਸੂਰ ਨੇ ਭਾਸ਼ਾਈ System ਦੇ ਦੋ ਕੇਂਦਰੀ ਅੰਗ ਸਵੀਕਾਰ ਕੀਤੇ 1. Lang 2. Parole ਅਤੇ ਭਾਸ਼ਾ ਦੇ ਸੰਗਠਨ ਨੂੰ ਪਰਿਭਾਸ਼ਿਤ ਕੀਤਾ।

ਸਾਸੂਰ ਦੀ ਸਭ ਤੋਂ ਵੱਡੀ ਪ੍ਰਾਪਤੀ ਉਸਦੀ ਨਵੀਨ ਅੰਤਰ-ਦ੍ਰਿਸ਼ਟੀ ਹੈ ਜਿਸ ਵਿਚ ਉਸਨੇ ਸਦੀਆਂ ਤੋਂ ਤੁਰੀ ਆ ਰਹੀ ਭਾਸ਼ਾ ਦੀ ਇਹ ਧਾਰਨਾ ਰੱਦ ਕਰਨੀ ਹੈ ਕਿ ਭਾਸ਼ਾ ਕੋਈ ਸਥੂਲ ਜਾਂ ਤਾਤਵਿਕ ਵਸਤੂ ਹੈ।

ਸਾਸੂਰ ਦੇ ਭਾਸ਼ਾ-ਦਰਸ਼ਨ ਦਾ ਇਕ ਮਹੱਤਵਪੂਰਨ ਨੁਕਤਾ ਇਹ ਹੈ ਕਿ ਸਾਸੂਰ ਨੇ ਇਸ ਵਿਚਾਰ ਨੂੰ ਸਦਾ ਲਈ ਰੱਦ ਕਰ ਦਿੱਤਾ ਕਿ ਭਾਸ਼ਾ ਸ਼ਬਦਾਂ ਦੇ ਅਜਿਹੇ ਸਮੂੱਚ ਦਾ ਨਾਮ ਹੈ ਜਿਸਦਾ ਮੂਲ ਉਦੇਸ਼ ਵਸਤੂਆਂ ਦਾ ਨਾਮਕਰਣ ਹੈ। ਸਾਸੂਰ ਦੇ ਦਰਸ਼ਨ ਅਨੁਸਾਰ ਇਹ ਸਮਝਣਾ ਮਿਥਿਆ ਹੈ ਕਿ ਸ਼ਬਦ ਅਜਿਹੇ ਪ੍ਰਗਟਾਉ ਰੂਪ ਹਨ ਜਿਹੜੇ ਵਸਤੂਆਂ ਨਾਲ ਇਕਮਿਕਤਾ ਰਖਦੇ ਹਨ। ਸਾਸੂਰ ਅਨੁਸਾਰ ਸ਼ਬਦ ਕੇਵਲ ਚਿਹਨ ਹਨ ਭਾਵੇਂ ਉਹ ਬੋਲਿਆ ਜਾਵੇ ਤਾਂ ਲਿਖਿਆ ਜਾਵੇ। ਇਹ 'ਚਿਹਨ' ਦੋ ਪੱਖਾਂ ਨਾਲ ਬਣਿਆ ਹੋਇਆ ਹੈ (ਸਫੇ ਦੇ ਦੋ ਪਾਸਿਆਂ ਵਾਂਗ) ਉਹ ਚਿਹਨ ਦੇ ਇਕ ਪੱਖ ਨੂੰ ਚਿਹਨਕ (Signifier) ਕਹਿੰਦਾ ਹੈ ਅਤੇ ਦੂਜੇ ਪੱਖ ਨੂੰ ਚਿਹਨਿਤ (Signified) ਦਾ ਨਾਂ ਦਿੰਦਾ ਹੈ ।"[2]

ਭਾਸ਼ਾ ਦੀ ਜਿਸ ਧਾਰਨਾ ਨੂੰ ਸਾਸੂਰ ਨੇ ਰੱਦ ਕੀਤਾ ਉਹ ਹੈ -
Word = thing
ਸ਼ਬਦ = ਵਸਤੂ

ਸਾਸੂਰ ਦੇ ਭਾਸ਼ਾ ਸੰਬੰਧੀ ਨਵੇਂ ਮਾਡਲ ਵਿਚ ਵਸਤੂ ਲਈ ਕੋਈ ਥਾਂ ਨਹੀ, ਉਸਦਾ ਵਿਚਾਰ ਹੈ ਕਿ ਭਾਸ਼ਾ ਵਿਚ ਸ਼ਬਦ ਅਰਥ ਰੱਖਦੇ ਹਨ ਇਸ ਲਈ ਨਹੀ ਕਿ ਸ਼ਬਦ ਦਾ ਵਸਤੂ ਨਾਲ ਰਿਸ਼ਤਾ ਹੈ। ਸ਼ਬਦ ਕੇਵਲ 'ਵਸਤੂ' ਨਾਲ ਸੰਬੰਧ ਦਾ ਹਿੱਸਾ ਹੈ। ਸਾਸੂਰ ਦੇ ਭਾਸ਼ਾ ਸੰਬੰਧੀ ਨਵੇਂ ਮਾਡਲ ਦੀ ਅਵਧਾਰਣਾ ਇਸ ਤਰ੍ਹਾਂ ਪੇਸ਼ ਕੀਤਾ -

$$\text{ਚਿਹਨ} = \frac{\text{ਚਿਹਨਕ}}{\text{ਚਿਹਨਿਤ}}$$ [3]

ਭਾਸ਼ਾ ਵਿਗਿਆਨ ਦੇ ਮਾਡਲ ਨੂੰ ਨਵਾਂ ਰੂਪ ਦੇਣ ਦੇ ਨਾਲ-ਨਾਲ ਸੰਰਚਨਾਵਾਦੀ ਸੋਚ ਅਤੀਤ ਦੀ ਸਹਿਜ ਸੂਝ ਉਤੇ ਆਧਾਰਿਤ ਆਰਥਾ ਨੂੰ ਵੀ ਰੱਦ ਕਰਦੀ ਹੈ। ਸਦੀਆਂ ਤੋਂ ਇਹ ਧਾਰਨਾ ਤੁਰੀ ਆਉਂਦੀ ਸੀ ਕਿ ਸਾਹਿਤ ਰਚਨਾਕਾਰ ਦੀ ਸਿਰਜਨਾਤਮਕ ਮਾਨਸਿਕਤਾ ਦੀ ਪ੍ਰਾਪਤੀ ਹੈ। ਸੰਰਚਨਾਵਾਦ ਇਸ ਵਿਚਾਰ ਨੂੰ ਪ੍ਰਵਾਨ ਨਹੀਂ ਕਰਦਾ। ਸੰਰਚਨਾਵਾਦੀ ਇਸ ਸੰਬੰਧ ਵਿਚ ਇਹ ਵਿਚਾਰ ਪੇਸ਼ ਕਰਦੇ ਹਨ ਕਿ ਰਚਨਾਕਾਰ ਆਪਣੇ ਤੋਂ ਪੂਰਵਲੇ ਭਾਸ਼ਿਕ ਅਤੇ ਇਤਿਹਾਸਕ ਖਜ਼ਾਨਿਆਂ ਨੂੰ ਫਰੋਲਦਾ ਹੈ ਅਤੇ ਗ੍ਰਹਿਣ ਕਰਦਾ ਹੈ ਅਤੇ ਤੁਰੀ ਆ ਰਹੀ ਪਰੰਪਰਾ ਨੂੰ ਹੀ ਨਵਾਂ ਰੂਪ ਦਿੰਦਾ ਹੈ, ਕਿਉਂਕਿ ਕੋਈ ਵੀ ਰਚਨਾ ਸੁਨਯ ਵਿਚੋਂ ਜਨਮ ਨਹੀਂ ਲੈ ਸਕਦੀ। ਇਸ ਤੋਂ ਬਾਅਦ ਸੰਰਚਨਾਵਾਦ ਨੂੰ ਵਿਕਸਿਤ ਕਰਨ ਵਾਲਿਆਂ ਵਿਚ ਯੂਰਪੀ, ਖਾਸ ਤੌਰ ਤੇ ਫ੍ਰਾਂਸਿਸੀ ਚਿੰਤਕ ਅੱਗੇ ਆਏ। ਸੰਰਚਨਾਵਾਦੀ ਚਿੰਤਕਾਂ ਦੀ ਵੱਡੀ ਗਿਣਤੀ ਤੇ ਸਾਹਿਤਕ ਕਲਾ-ਕਿਰਤਾਂ ਦਾ ਅਧਿਐਨ ਇਸ ਢੰਗ ਨਾਲ ਕੀਤਾ ਕਿ ਉਹਨਾਂ ਸਿਧਾਂਤਾ ਤੇ ਨੇਮਾਂ ਦਾ ਪਤਾ ਲਾਉਣਾ ਹੈ ਜਿਹਨਾਂ ਨਾਲ ਮਿਲਕੇ ਸਾਹਿਤਕ ਪਰੰਪਰਾ ਦੇ ਅਮੂਰਤ ਪ੍ਰਬੰਧ ਦਾ ਗਠਨ ਹੁੰਦਾ ਹੈ ਅਤੇ ਕਲਾ ਕਿਰਤ ਸਾਰਥਕ ਬਣਦੀ ਹੈ।[4]

ਸਰੰਚਨਾਵਾਦ ਭਾਸ਼ਾ ਵਿਗਿਆਨ ਅਧਿਐਨ ਮਾਡਲ ਤੇ ਆਧਾਰਿਤ ਇਕ ਅਜੇਹੀ ਪ੍ਰਣਾਲੀ ਹੈ ਜਿਹੜੀ ਭਾਸ਼ਾ ਤੋਂ ਇਲਾਵਾ ਦੂਜੇ ਗਿਆਨ ਅਨੁਸ਼ਾਸਨਾ ਦੇ ਅਧਿਐਨ ਲਈ ਵੀ ਵਰਤੋਂ ਵਿਚ ਲਿਆਂਦੀ ਗਈ। "ਸਾਸੂਰ ਦੇ ਭਾਸ਼ਾ ਵਿਗਿਆਨ ਦੇ ਮਾਡਲ ਨੂੰ ਲੈਵੀ-ਸਤ੍ਰਾਸ ਨੇ ਮਾਨਵ-ਵਿਗਿਆਨ ਦੇ ਖੇਤਰ ਵਿਚ ਵਿਸ਼ੇਸ਼ ਕਰ ਮਿਥ, ਆਦਿਮ ਮਨੁੱਖ, ਰੀਤੀ-ਰਿਵਾਜ ਅਤੇ ਰਿਸ਼ਤਾ ਨਾਤਾ ਪ੍ਰਬੰਧ ਤੇ ਲਾਗੂ ਕਰਕੇ ਨਵੀਨ ਅਤੇ ਮੌਲਿਕ ਸਿਧਾਂਤਕ ਪਰਿਪੇਖ ਉਸਾਰਿਆ।"[5]

- ਮਨੋਵਿਗਿਆਨ ਦੇ ਖੇਤਰ ਵਿਚ ਯੱਕ-ਲਾਕਾ ਨੇ ਅਹਿਮ ਕੰਮ ਕੀਤਾ ਅਤੇ ਫਰਾਇਡੀਅਨ ਮਨੋਵਿਗਿਆਨ ਨੂੰ ਅੱਗੇ ਸੰਰਚਨਾਵਾਦੀ ਵਿਧੀ ਰਾਹੀ ਮੁੜ ਵਿਆਖਿਆ ਕਰਕੇ ਨਵੀ ਦਿਸ਼ਾ ਪ੍ਰਦਾਨ ਕੀਤੀ।
- ਪਿਆਜੇ ਨੇ ਬਾਲ-ਮਨੋਵਿਗਿਆਨ ਦਾ ਅਧਿਐਨ ਸੰਰਚਨਾਵਾਦੀ ਵਿਧੀ ਰਾਹੀ ਕਰਕੇ ਸਰੰਚਨਾਵਾਦ ਦੇ ਸਿਧਾਂਤਕ ਪਰਿਪੇਖ ਨੂੰ ਨਿੱਗਰ ਬਣਾਇਆ।
- ਯਕ-ਦੈਰਿਦਾ ਨੇ ਯੂਰਪੀ ਦਾਰਸ਼ਨਿਕ ਚਿੰਤਨ ਵਿਚ ਤਾਰਕਿਕਤਾ ਤੇ ਲੋੜੋਂ ਵੱਧ ਬਲ ਦੇਣ ਦੀ ਵਿਰੋਧਤਾ ਕੀਤੀ ਅਤੇ ਇਸਦੀ ਥਾਂ ਵਿਆਕਰਣ-ਮੂਲਕ ਚਿੰਤਨ ਨੂੰ ਪ੍ਰਾਥਮਿਕਤਾ ਦੇ ਕੇ ਸੰਰਚਨਾਵਾਦੀ ਵਿਗਿਆਨਕ ਪਹੁੰਚ ਅਨੁਸਾਰ ਸਮੁੱਚੀ ਦਾਰਸ਼ਨਿਕ ਪਰੰਪਰਾ ਨੂੰ ਪਰਿਭਾਸ਼ਿਤ ਕੀਤਾ।
- ਸਾਹਿਤ ਦੇ ਖੇਤਰ ਵਿਚ ਸੰਰਚਨਾਵਾਦੀ ਪ੍ਰਣਾਲੀ ਨੂੰ ਰੋਮਨ ਜੈਕਬਸਨ ਨੇ ਲਾਗੂ ਕੀਤਾ । ਇਸ ਤੋਂ ਛੁੱਟ ਰੋਲਾਂ-ਬਾਰਤ ਦਾ ਆਧੁਨਿਕ ਸਾਹਿਤ ਅਧਿਐਨ ਵਿਚ ਕੰਮ ਗਿਣਾਤਮਕ ਅਤੇ ਗੁਣਾਤਮਕ ਦੋਹਾਂ ਪੱਖਾਂ ਤੋਂ ਗੌਰਵਸ਼ਾਲੀ ਕਾਰਜ ਸੰਰਚਨਾਵਾਦ ਅਤੇ ਚਿਹਨ-ਵਿਗਿਆਨ ਹੈ। ਇਸਦੇ ਨਾਲ ਹੀ ਲੂਸੀਅਨ ਗੋਲਡਮਾਨ ਨੇ ਗਲਪ ਦੇ ਖੇਤਰ ਵਿਚ ਸੰਰਚਨਾਵਾਦ ਦਾ ਨਵਾਂ ਰੂਪ ਜੈਨੇਟਿਕ ਸੰਰਚਨਾਵਾਦ ਵਿਕਸਿਤ ਕੀਤਾ ।"[6]

ਬਹੁਤ ਸਾਰੀਆਂ ਦੂਜੀਆਂ ਧਾਰਾਵਾਂ ਨੂੰ ਆਪਣੇ ਕਲਾਵੇ ਵਿਚ ਲੈ ਕੇ ਨਵੇਂ ਰੂਪ ਵਿਚ ਸਥਾਪਤ ਕਰਨ ਵਾਲੀ ਸੰਰਚਨਾਵਾਦੀ ਪ੍ਰਣਾਲੀ ਦੀ ਸਭ ਤੋਂ ਪ੍ਰਮੁੱਖ ਤੇ ਪ੍ਰਭਾਵਸ਼ਾਲੀ ਧਾਰਾ ਭਾਸ਼ਾ-ਵਿਗਿਆਨ ਦੇ ਖੇਤਰ ਵਿਚ ਇਕਾਲਕੀ ਭਾਸ਼ਾ-ਵਿਗਿਆਨ ਤੋਂ ਵਿਕਸਿਤ ਹੋਈ।

ਇਕਾਲਕੀ ਭਾਸ਼ਾ-ਗਿਆਨ ਦਾ ਸੰਕਲਪ ਸਾਸੂਰ ਨੇ ਇਤਿਹਾਸਕ ਭਾਸ਼ਾ ਵਿਗਿਆਨ ਭਾਵ ਪਰੰਪਰਾਗਤ ਸੰਕਲਪਾਂ ਨੂੰ ਰੱਦ ਕਰਕੇ ਦਿੱਤਾ। ਇਕਾਲਿਕ ਅਤੇ ਕਾਲਕ੍ਰਮਿਕ ਜਾਂ ਇਤਿਹਾਸਕ ਭਾਸ਼ਾ ਵਿਗਿਆਨ ਨੂੰ ਅੰਗਰੇਜ਼ੀ ਵਿਚ Synchronic and Diachronic ਕਿਹਾ ਜਾਂਦਾ ਹੈ। ਸਾਸੂਰ ਕਾਲਕ੍ਰਮਿਕ ਪਰਿਪੇਖ ਨੂੰ ਵਰਤਾਰੇ ਨਾਲ ਜੁੜਣ ਵਾਲਾ ਮੰਨਦਾ ਹੈ ਜੋ ਕਿਸੇ ਸਿਸਟਮ ਨਾਲ ਸੰਬੰਧਿਤ ਨਹੀਂ। ਇਕਾਲਿਕ ਪਰਿਪੇਖ ਅਤੇ ਕਾਲਕ੍ਰਮਿਕ ਪਰਿਪੇਖ ਵਿਚਲੇ ਅੰਤਰ ਸੰਬੰਧਾਂ ਦੀ ਵਿਚਾਰ-ਚਰਚਾ ਕਰਦੇ ਹੋਏ ਅਸੀਂ ਕਹਿ ਸਕਦੇ ਹਾਂ ਕਿ "ਇਕਾਲਿਕ ਪਰਿਪੇਖ Self Regularity ਦੇ ਨੇਮ ਤੇ ਆਧਾਰਿਤ ਹੈ ਅਤੇ ਕਾਲਕ੍ਰਮਿਕ ਵਿਸ਼ੇਸ ਵਿਕਾਸ ਅਤੇ ਘਟਨਾ ਚੱਕਰ ਤੇ ਆਧਾਰਿਤ ਹੈ।

- ਇਕਾਲਕੀ ਪਰਿਪੇਖ ਭਾਸ਼ਾ ਪ੍ਰਤਿ ਰੁਚਿਤ ਹੈ ਅਤੇ ਕਾਲਕ੍ਰਮਿਕ ਪਰਿਪੇਖ ਉਚਾਰ ਅਤੇ ਬੋਲਣ ਪ੍ਰਤਿ ਰੁਚਿਤ ਹੈ।
- ਇਕਾਲਕੀ ਪਰਿਪੇਖ ਤਾਰਕਿਕ ਅਤੇ ਮਨੋਵਿਗਿਆਨਕ ਸੰਬੰਧਾਂ ਬਾਰੇ ਚਰਚਾ ਕਰਦਾ ਹੈ ਅਤੇ ਕਾਲਕ੍ਰਮਿਕ ਦਾ ਸੰਬੰਧ ਸਿਰਜਨਾ ਨਾਲ ਹੈ।
- ਇਕਾਲਕੀ ਪਰਿਪੇਖ ਲੜੀਦਾਰ ਤੱਤਾਂ ਨੂੰ ਪਛਾਣਦਾ ਹੈ ਅਤੇ ਕਾਲਕ੍ਰਮਿਕ ਪਰਿਪੇਖ ਬਦਲਦੇ ਤੱਤਾਂ ਦਾ ਪ੍ਰਬੰਧ ਹੈ।"[7]

"ਸਾਸੂਰ ਦਾ ਵਿਚਾਰ ਹੈ ਕਿ 'ਇਕਾਲਕ ਪ੍ਰਬੰਧ' ਸਮੇਂ ਦੇ ਕਿਸੇ ਇਕ ਬਿੰਦੂ ਉਤੇ 'ਸਵੈ ਨਿਰਭਰ ਹੁੰਦਾ ਹੈ (ਜਿਸਨੂੰ ਅਸੀਂ ਹਰ ਰੋਜ ਵਰਤਦੇ ਅਤੇ ਅਨੁਭਵ ਕਰਦੇ ਹਾਂ) ਇਸ ਲਈ ਭਾਸ਼ਾ ਦਾ ਅਧਿਐਨ 'ਹਾਜਰ ਸਮੇਂ' ਦੀ ਪੱਧਰ ਉਤੇ ਹੀ ਸੰਭਵ ਹੈ।"[8] ਹਾਜਰ ਸਮੇਂ ਦੇ ਸੰਕਲਪ ਨੂੰ ਹੀ ਸਾਸੂਰ ਸਮਕਾਲਿਕ ਜਾਂ ਇਕਾਲਕ (Synchronic) ਅਧਿਐਨ ਆਖਦਾ ਹੈ ਅਤੇ ਸਿਧ ਕਰਦਾ ਹੈ ਕਿ ਹਾਜਰ ਸਮੇਂ ਦਾ ਅਧਿਐਨ ਹੀ ਵਿਗਿਆਨਕ ਅਧਿਐਨ ਹੋ ਸਕਦਾ ਹੈ। ਮਾਰਕਸਵਾਦੀ ਚਿੰਤਕ Friendrick Jomson ਦਾ ਮੰਨਣਾ ਹੈ ਕਿ ਸਾਸੂਰ ਦੀ ਅਸਾਧਾਰਨ ਪ੍ਰਤਿਭਾ ਦਾ ਅੰਦਾਜਾ ਉਸ ਦੇ ਭਾਸ਼ਾ ਸੰਬੰਧੀ ਸਮੁੱਚੇ ਪ੍ਰਬੰਧ ਤੋਂ ਲਗਦਾ ਹੈ ਕਿ ਭਾਸ਼ਾ ਦਾ ਸਮੁੱਚਾ ਪ੍ਰਬੰਧ ਹਰ ਪਲ ਸੰਪੂਰਨ ਹੁੰਦਾ ਹੈ ਭਾਵੇਂ ਇਕ ਪਲ ਪਹਿਲਾਂ ਹੀ ਉਸ ਵਿਚ ਕੋਈ ਪਰਿਵਰਤਨ ਕਿਉਂ ਨਾ ਵਾਪਰਿਆ ਹੋਵੇ। ਜਿਵੇਂ ਕਿ ਆਰੰਭ ਵਿਚ ਅਸੀਂ ਚਰਚਾ ਕੀਤੀ ਸੀ ਕਿ ਸਾਸੂਰ ਭਾਸ਼ਾ ਦੇ ਪ੍ਰਕਾਰਜ ਨੂੰ ਸਮਝਣ ਲਈ ਭਾਸ਼ਾ ਦੀ ਸੰਕਲਪਨਾ 2 ਤਰ੍ਹਾਂ ਨਾਲ ਪੇਸ਼ ਕਰਦਾ ਹੈ ਇਕ Lang ਅਤੇ ਦੂਜਾ Parole। ਸਾਸੂਰ ਦੀ ਦ੍ਰਿਸ਼ਟੀ ਵਿਚ Lang ਅਤੇ Parole ਵਿਚ ਅੰਤਰ ਇਹ ਹੈ ਕਿ ਭਾਸ਼ਾ ਦਾ ਸੰਪੂਰਨ ਪ੍ਰਬੰਧ Lang ਹੁੰਦਾ ਹੈ ਅਤੇ Parole ਉਚਾਰ ਜਾਂ ਬੋਲੀ ਜਾਣ ਵਾਲੀ ਘਟਨਾ ਵੀ ਹੁੰਦੀ ਹੈ।

- "Lang ਦੀ ਧਾਰਨਾ ਸਮਾਜ ਵਿਚ ਰਚੀ-ਬਸੀ ਹੁੰਦੀ ਹੈ। ਭਾਸ਼ਾ ਬੋਲਣ ਵਾਲੇ ਸਾਰੇ ਅਚੇਤ ਰੂਪ ਵਿਚ ਹੀ ਇਸ ਤੋਂ ਕੰਮ ਲੈਂਦੇ ਹਨ।
- Parole ਵਿਅਕਤੀਗਤ ਦ੍ਰਿਸ਼ਟਾਂਤ ਹੈ।
- Lang ਅਮੂਰਤ ਪ੍ਰਬੰਧ ਹੁੰਦਾ ਹੈ ਅਤੇ Parole ਉਸਦਾ ਵਿਅਕਤੀਗਤ ਰੂਪ ਹੁੰਦਾ ਹੈ।
- Parole ਅਸਲ ਵਿਚ ਬਰਫ਼ ਦੇ ਤੋਂਦੇ ਦਾ ਉਪਰਲਾ ਸਿਰਾ ਹੁੰਦਾ ਹੈ। ਜਿਹੜਾ ਸਮੁੰਦਰ ਦੀ ਤਹਿ ਉੱਪਰ ਤੈਰਦਾ ਰਹਿੰਦਾ ਹੈ ਜਿਸਨੂੰ ਅਸੀਂ ਦੇਖ ਸਕਦੇ ਹਾਂ। Lang ਆਪਣੇ ਸਮੁੱਚ ਵਿਚ ਬਰਫ਼ ਦਾ ਉਹ ਵਿਸ਼ਾਲ ਖੰਡ ਹੈ ਜਿਹੜਾ ਉਪਰਲੇ ਸਿਰੇ ਨੂੰ ਤਾਂ ਸੰਭਾਵਲੀ ਰਖਦਾ ਹੈ ਪਰ ਆਪ ਅਦ੍ਰਿਸ਼ਟ ਰਹਿੰਦਾ ਹੈ।"[9]

ਸਾਸੂਰ ਦੇ ਭਾਸ਼ਾ ਸੰਬੰਧੀ ਨਵੇਂ ਮਾਡਲ ਦੀ ਥੋੜੀ ਜੇਹੀ ਚਰਚਾ ਅਸੀਂ ਆਪਣੇ ਹੱਥਲੇ ਲੇਖ ਵਿਚ ਸ਼ੁਰੂ ਵਿਚ ਕੀਤੀ ਹੈ, ਉਸੇ ਵਿਚਾਰ ਚਰਚਾ ਨੂੰ ਅੱਗੇ ਤੋਰਦੇ ਹੋਈ ਅਸੀਂ ਕਹਿ ਸਕਦੇ ਹਾਂ ਕਿ "ਭਾਸ਼ਾ ਕੇਵਲ ਸ਼ਬਦਾਂ ਦੇ ਮਾਧਿਅਮ ਰਾਹੀਂ ਕਾਰਜ ਨਹੀਂ ਕਰਦੀ ਸਗੋਂ ਭਾਸ਼ਾ ਚਿਹਨਾਂ ਦੇ ਪ੍ਰਬੰਧ (System of Signs) ਦੀ ਰੋਸ਼ਨੀ ਵਿਚ ਕੰਮ ਕਰਦੀ ਹੈ। ਸ਼ਬਦ ਕੇਵਲ ਉਸਦਾ ਦ੍ਰਿਸ਼ਟੀਗੋਚਰ ਰਹਿਣ ਵਾਲਾ ਸਿਰਾ ਹਨ। ਚਿਹਨ 'ਧੁਨੀ ਬਿੰਬ' ਅਤੇ 'ਸੰਕਲਪ' ਦੇ ਵਿਚਕਾਰ ਕੰਮ ਕਰਦਾ ਹੈ। ਸਾਸੂਰ ਚਿਹਨ ਦੇ ਇਸ ਦੋਹਰੇ ਸੰਬੰਧ ਨੂੰ Signifier/Signified ਦਾ ਨਾਂ ਦਿੰਦਾ ਹੈ।

ਧੁਨੀ ਬਿੰਬ = ਲਿਖਤੀ ਰੂਪ = ਚਿਹਨਕ

➢ ਚਿਹਨਕ ਦੀ ਧਾਰਨਾ ਜਾਂ ਸੰਕਲਪ 'ਚਿਹਨਿਤ' ਹੁੰਦਾ ਹੈ।''[10]

ਚਿਹਨਕ ਅਤੇ ਚਿਹਨਿਤ ਦੇ ਅਟੁੱਟ ਰਿਸ਼ਤੇ ਨੂੰ ਪੇਸ਼ ਕਰਨ ਲਈ ਸਾਸੂਰ ਬਹੁਤ ਸਾਰੇ ਉਦਾਹਰਣ ਦਿੰਦਾ ਹੈ, ਜਿਹਨਾਂ ਵਿਚੋਂ ਉਸਦੇ ਇਕ ਉਦਾਹਰਣ ਨੂੰ ਅਸੀਂ ਇਸ ਢੰਗ ਨਾਲ ਲੈ ਸਕਦੇ ਹਾਂ ਕਿ ''ਜਿਵੇਂ ਹਾਥੀ ਦੇ ਧੁਨੀ-ਬਿੰਬ ਦਾ ਭਾਵ ਹਾਥੀ ਦੀ ਹੀ ਧਾਰਨਾ ਹੈ, ਗਾਂ, ਮੱਝ, ਬਕਰੀ ਜਾਂ ਹੋਰ ਕੋਈ ਪਸ਼ੂ ਨਹੀਂ। ਆਮ ਤੌਰ ਤੇ ਇਹ ਮਹਿਸੂਸ ਹੁੰਦਾ ਹੈ ਕਿ ਸ਼ਬਦ 'ਹਾਥੀ' ਇਕ ਲੇਬਲ ਹੈ ਜਿਹੜਾ ਸਥਾਈ ਰੂਪ ਵਿਚ ਕੁਦਰਤੀ ਤੌਰ ਤੇ ਸਥਾਪਿਤ ਹੈ। ਜਿਸ ਬਾਰੇ ਕੋਈ ਸਮਸਿਆ ਪੂਰਨ ਪ੍ਰਸ਼ਨ ਨਹੀਂ ਉਠਾਇਆ ਜਾ ਸਕਦਾ । ਸਾਸੂਰ ਨੇ ਇਸ ਉਪਰੋਕਤ ਵਿਚਾਰ ਨੂੰ ਹੀ ਚੁਣੌਤੀ ਦੇ ਕੇ ਨਵੇਂ ਢੰਗ ਨਾਲ ਪੇਸ਼ ਕੀਤਾ ਕਿ ''ਜੇ ਸ਼ਬਦ ਪਹਿਲਾਂ ਤੋਂ ਹੀ ਹਾਜਰ ਧਾਰਨਾਵਾਂ ਲਈ ਸਥਾਪਿਤ ਹੁੰਦੇ ਤਾਂ ਇਕ ਭਾਸ਼ਾ ਤੋਂ ਦੂਜੀ ਭਾਸ਼ਾ ਵਿਚ ਉਹਨਾਂ ਦੇ ਅਰਥ ਸਮਾਨ ਹੁੰਦੇ, ਪਰ ਅਜੇਹਾ ਨਹੀਂ ਹੈ। ਸ਼ਬਦ ਅਤੇ ਅਰਥ ਦੇ ਸੰਬੰਧ ਵਿਚ ਅਨਿਵਾਰਤਾ ਨਹੀਂ ਹੁੰਦੀ । ਇਹ ਕਿਸੇ ਕੁਦਰਤੀ ਮੁੱਲ ਜਾਂ ਵਿਸ਼ੇਸਤਾ ਉੱਤੇ ਆਧਾਰਿਤ ਨਹੀਂ ਹੁੰਦੀ ਸਗੋਂ ਰੀਤ ਜਾਂ ਪਰੰਪਰਾ ਨਾਲ ਸਥਾਪਿਤ ਹੁੰਦੇ ਹਨ। ਸਾਸੂਰ ਨੇ ਚਿਹਨ ਪ੍ਰਬੰਧਾਂ ਦੇ ਇਸ ਅਧਿਐਨ ਨੂੰ ਹੀ ਚਿਹਨ-ਵਿਗਿਆਨ ਦਾ ਨਾਂ ਦਿੱਤਾ ।''[11]

ਸਾਸੂਰ ਤੋਂ ਬਾਅਦ ਜਿਹਨਾਂ ਵੀ ਭਾਸ਼ਾ-ਵਿਗਿਆਨੀਆਂ ਦੇ ਚਿੰਤਨ ਨੇ ਸੰਰਚਨਾਵਾਦ ਨੂੰ ਪ੍ਰਭਾਵਿਤ ਕੀਤਾ ਉਹਨਾਂ ਦੀ ਗਿਣਤੀ ਬਹੁਤ ਜਿਆਦਾ ਤਾਂ ਨਹੀਂ ਪਰ ਉਹਨਾਂ ਦੀ ਸੋਚ ਦੇ ਕੁਝ ਪੱਖ ਮਹੱਤਵਪੂਰਨ ਹਨ। ਚਿਹਨ-ਵਿਗਿਆਨ ਨੂੰ ਨਵੀਨ ਧਾਰਨਾਵਾਂ ਨਾਲ ਪੇਸ਼ ਕਰਨ ਦੇ ਨਾਲ-ਨਾਲ ਸਾਸੂਰ ਕਿਸੇ ਭਾਸ਼ਾ ਦੇ ਸਮਾਜਿਕ ਯਥਾਰਥ ਹੋਣ ਉਪਰ ਵੀ ਜੋਰ ਦਿੰਦਾ ਹੈ। ਉਸ ਦਾ ਮੰਨਣਾ ਹੈ ਕਿ ਸਿਰਫ਼ ਇਕ ਸਮਾਜਿਕ ਸਮੂਹ ਹੀ ਚਿਹਨਾਂ ਦੀ ਸਿਰਜਨਾ ਕਰ ਸਕਦਾ ਹੈ। ਭਾਸ਼ਾ ਸ਼ੁਰੂ, ਤੋਂ ਅਖੀਰ ਤਕ ਇਕ ਸਮਾਜਿਕ ਵਿਹਾਰ ਹੈ। 'ਚਿਹਨਕ' ਅਤੇ 'ਚਿਹਨਿਤ' ਦਾ ਪਰਸਪਰ ਸੰਬੰਧ ਭਾਵੇਂ ਨਾ ਹੋਵੇ ਪਰ ਇਹ ਇਕ ਪ੍ਰਕਿਰਿਆ ਭਾਸ਼ਾਈ ਸਮਾਜ ਦੇ ਅੰਦਰ ਅਚੇਤ ਰੂਪ ਵਿਚ ਹੀ ਪਈ ਹੁੰਦੀ ਹੈ। ਕੋਈ ਵੀ ਸਮਾਜ ਭਾਸ਼ਾ ਦੇ ਪ੍ਰਤੀਕਾਤਮਕ ਪ੍ਰਬੰਧ ਤੋਂ ਬਗੈਰ ਸਥਾਪਿਤ ਨਹੀਂ ਹੋ ਸਕਦਾ । ਸਮਾਜ ਵਿਚਲੇ ਲੋਕਾਂ ਦਾ ਰਹਿਨ-ਸਹਿਨ, ਉਤਪਾਦਨ ਪ੍ਰਣਾਲੀਆਂ ਅਤੇ ਸੰਸਥਾਵਾਂ ਦਾ ਕੋਈ ਵੀ ਪ੍ਰਕਾਰਜ ਭਾਸ਼ਾ ਤੋਂ ਬਿਨਾਂ ਸੰਭਵ ਨਹੀਂ । ਭਾਸ਼ਾ ਉਸੇ ਵੇਲੇ ਹੋਂਦ ਵਿਚ ਆ ਜਾਂਦੀ ਹੈ ਜਦੋਂ ਸਮਾਜ ਹੋਂਦ ਵਿਚ ਆਉਂਦਾ ਹੈ।

ਅੰਤ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਸਾਸੂਰ ਨੇ ਭਾਸ਼ਾ ਵਿਗਿਆਨ ਦੀਆਂ ਪ੍ਰਚਲਿਤ ਪਰੰਪਰਾਵਾਂ ਨੂੰ ਨਵਾਂ-ਜਾਮਾ ਪਵਾਇਆ। ਉਸਨੇ ਚਿਹਨ-ਵਿਗਿਆਨ, ਸੰਬੰਧੀ ਨਵੇਂ ਸੰਕਲਪ, ਸਿਧਾਂਤ ਤੇ ਪ੍ਰਸੰਗ ਸਥਾਪਿਤ ਕਰਨ ਦਾ ਗੌਰਵਸ਼ਾਲੀ ਕਾਰਜ ਕੀਤਾ । ਸਾਸੂਰ ਦੇ ਇਸ ਉੱਧਮ ਸਦਕਾ ਹੀ ਭਾਸ਼ਾ-ਵਿਗਿਆਨ ਦੀ ਨਵੀਂ ਅਧਿਐਨ ਪ੍ਰਣਾਲੀ ਭਾਸ਼ਾ ਅਤੇ ਇਸਦੇ ਸਮਾਂਤਰ ਹੋਰ ਅਨੁਸ਼ਾਸਨਾਂ ਵਿਚ ਨਿਰੰਤਰ ਵਿਕਸਿਤ ਰਹੀ। ਇਸ ਅੰਤਰ-ਅਨੁਸ਼ਾਸਨੀ ਅਧਿਐਨ ਮਾਡਲ ਕਾਰਨ ਹੀ ਸੰਰਚਨਾਵਾਦ ਆਧੁਨਿਕ ਯੁੱਗ ਵਿਚ ਫੈਸ਼ਨ ਵਾਂਗ ਪ੍ਰਚਾਰਿਆ ਜਾਂਦਾ ਰਿਹਾ ।

---

ਹਵਾਲੇ ਅਤੇ ਟਿੱਪਣੀਆਂ------------------------------------------------------------


1 ਖੋਜ ਪ੍ਰਿਤ੍ਰਕਾ (ਸਾਹਿਤਕ ਵਾਦ-ਅੰਕ), ਭਾਗ ਦੂਜਾ, ਪੰਨਾ 129

2 ਗੋਪੀਚੰਦ ਨਾਰੰਗ, ਸੰਰਚਨਾਵਾਦ ਉੱਤਰ-ਸੰਰਚਨਾਵਾਦ ਅਤੇ ਪੂਰਬੀ ਕਾਵਿ-ਸ਼ਾਸਤਰ, ਪੰਨਾ 42

3 ਉਹੀ, ਪੰਨਾ 42

4 ਉਹੀ, ਪੰਨਾ 49

5 ਖੋਜ ਪੱਤ੍ਰਿਕਾ (ਸਾਹਿਤਕ ਵਾਦ-ਅੰਕ), ਭਾਗ ਦੂਜਾ, ਪੰਨਾ 125

6 ਉਹੀ, ਪੰਨਾ 125

7 ਉਹੀ, ਪੰਨਾ 126

8 ਗੋਪੀਚੰਦ ਨਾਰੰਗ, ਸੰਰਚਨਾਵਾਦ ਉੱਤਰ ਸੰਰਚਨਾਵਾਦ ਅਤੇ ਪੂਰਬੀ ਕਾਵਿ-ਸ਼ਾਸਤਰ, ਪੰਨਾ 55

9 ਉਹੀ, ਪੰਨਾ 55

10 ਉਹੀ, ਪੰਨਾ 60

11 ਉਹੀ, ਪੰਨਾ 62